National Research Journal of Social Sciences
Volume-11, Issue-1, January-June 2026
PP: 138-140

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਮੂਲ ਸੁਰ

(ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹਾਦਤ ਨੂੰ ਸਮਰਪਿਤ)

**ਮੇਘਾ ਸਲਵਾਨ**

ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਸਾਰ**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਐਸੇ ਸੂਖ਼ਮ ਗਿਆਨ ਨਿਆਈਂ ਹੈ ਜਿਸ ਰਾਹੀਂ ਜੀਵ ਪਰਮਾਤਮਾ ਅਤੇ ਉਸ ਤੱਕ ਜਾਣ ਵਾਲੇ ਮਾਰਗ ਨੂੰ ਆਵਾਗਮਨ ਦੇ ਬੰਧਨਾਂ ਤੋਂ ਮੁਕਤ ਹੋ ਉਸ ਨਾਲ ਇਕਮਿਕਤਾ ਅਨੁਭਵ ਕਰਦਾ ਹੈ। ਇਸ ਬਾਣੀ ਦੇ ਪਾਠ ਦੁਆਰਾ ਪ੍ਰਥਮ ਜੀਵ ਨੂੰ ਉਸ ਪਰਮਾਤਮਾ ਦੀ ਨਦਰਿ ਪ੍ਰਾਪਤੀ ਹੁੰਦੀ ਹੈ ਤੇ ਫੇਰ ਉਸ ਅੰਦਰ ਆਵਾਗਮਨ ਦੇ ਬੰਧਨਾਂ ਨੂੰ ਤੋੜਨ ਦੀ ਇੱਛਾ ਪਨਪਦੀ ਹੈ ਅਤੇ ਉਸਦੀ ਇਹੀ ਇੱਛਾ ਉਸਨੂੰ ਪਰਮਾਤਮਾ ਨਾਲ ਇਕਮਿਕਤਾ ਦਾ ਅਹਿਸਾਸ ਕਰਵਾਉਂਦੀ ਹੈ ਜੋ ਅਸਲ ਮੁਕਤੀ ਹੈ। ਗੁਰੂ ਦੀ ਬਾਣੀ 'ਸਤਿ' ਉੱਤੇ ਆਧਾਰਿਤ ਹੈ। ਪਰੰਤੂ ਇਸ ਸਤਿ ਤੋਂ ਅਨਜਾਣ ਜੀਵ ਕਾਮ, ਕ੍ਰੋਧ, ਮੋਹ, ਲੋਭ ਦੇ ਵਿਸ਼ਿਆਂ ਨੂੰ ਭੋਗਣ ਵਿਚ ਹੀ ਲੱਗਾ ਰਹਿੰਦਾ ਹੈ। ਗੁਰੂ ਜੀ ਦੀ ਬਾਣੀ ਦਾ ਤੱਤ ਸਾਰ ਅਦ੍ਰਿਸ਼ਟਮਾਨ ਪ੍ਰਭੂ-ਸੱਤਾ ਹੈ, ਜੋ ਸਥਿਰ ਰਹਿਣ ਵਾਲੀ ਹੈ, ਅਕਾਲ ਮੂਰਤਿ ਹੈ, ਸਦੀਵੀ ਹੈ ਤੇ ਸਤਿ ਹੈ। ਮੂਲ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਮੂਲ ਸੁਰ ਤਿੰਨ ਬੁਨਿਆਦੀ ਨੁਕਤਿਆਂ 'ਬ੍ਰਹਮ', 'ਬ੍ਰਹਿਮੰਡ' ਤੇ 'ਜੀਵ' ਉੱਤੇ ਕੇਂਦਰਿਤ ਹੈ। ਬ੍ਰਹਿਮੰਡ ਇਕ ਅਜੇਹੀ ਕੇਂਦਰੀ ਪ੍ਰਕਿਰਿਆ ਹੈ ਜਿਸ ਰਾਹੀਂ ਗੁਰੂ ਤੇਗ ਬਹਾਦਰ ਜੀ ਬ੍ਰਹਮ ਨਾਲ ਸੰਬੰਧਿਤ ਰਹੱਸਾਤਮਕਤਾ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ। ਇਸੇ ਰਹੱਸਾਤਮਕਤਾ ਦਾ ਅਨੁਭਵ ਅਤੇ ਕਿਰਿਆ-ਸਥਲ ਜਗਤ ਹੀ ਹੈ ਤੇ ਅਨੁਭਵ ਕਰਤਾ ਹੈ ਜੀਵ। ਬ੍ਰਹਮੀ ਰਹੱਸਾਤਮਕਤਾ ਦਾ ਅਹਿਸਾਸ ਬ੍ਰਹਿਮੰਡੀ ਲੀਲਾ ਵਿਚ ਵਿਚਰਨ ਵਾਲੇ ਜੀਵ ਨੂੰ ਹੀ ਹੋ ਸਕਦਾ ਹੈ। ਬ੍ਰਹਮ ਤੇ ਜੀਵ ਦੇ ਆਪਸੀ ਅਧਿਆਤਮਕ ਸੰਬੰਧ ਨੂੰ ਪੈਦਾ ਕਰਨ ਵਾਲਾ, ਇਸ ਰਿਸ਼ਤੇ ਨੂੰ ਸਮਝਣ-ਸਮਝਾਉਣ ਵਾਲਾ ਮਾਧਿਅਮ ਕੇਵਲ ਬ੍ਰਹਿਮੰਡ ਹੀ ਹੈ। ਜੀਵ ਬ੍ਰਹਮ ਦੁਆਰਾ ਭੇਜਿਆ ਹੀ ਬ੍ਰਹਿਮੰਡ ਵਿਚ ਆਉਂਦਾ ਹੈ। ਸਮੁੱਚੇ ਰੂਪ ਵਿਚ ਇਹ ਬਾਣੀ ਜੀਵ ਨੂੰ ਜੀਵਾਤਮਕ ਪਾਸਾਰ ਵਿਚੋਂ ਕੱਢ ਅਰਥਾਂ ਦਾ ਐਸਾ ਮਾਨਵੀ ਧਰਾਤਲ ਉਸਾਰਦੀ ਹੈ ਕਿ ਵਰਤਮਾਨ ਵਿਚ ਇਸ ਬਾਣੀ ਦਾ ਪੁਨਰ ਚਿੰਤਨ ਹੋਰ ਵੀ ਪ੍ਰਾਸੰਗਿਕ ਹੈ।

**ਕੀਵਰਡ** (Keyword) : ਬ੍ਰਹਮ, ਬ੍ਰਹਿਮੰਡ, ਜੀਵਾਤਮਾ, ਸਤਿ, ਸਦੀਵੀ

ਸਿੱਖ ਧਰਮ ਦਾ ਪੂਜਨੀਯ ਤੇ ਬੇਸ਼ਕੀਮਤੀ ਗ੍ਰੰਥ ਜੋ ਦਸ ਗੁਰੂ ਸਾਹਿਬਾਨ ਦੇ ਪਾਵਨ ਬੋਲਾਂ ਤੇ ਅਧਿਆਤਮਕ ਕਥਨਾਂ ਨਾਲ ਸ਼ਿੰਗਾਰਿਆ ਹੋਇਆ ਹੈ, ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬਾਣੀ ਦਰਜ ਹੈ। ਇਹ ਬਾਣੀ ਆਪਣੇ ਉੱਞ ਨਾਲ ਸਾਧਕ ਦੇ ਗਿਆਨ ਮੰਡਲ ਨੂੰ ਰੁਸ਼ਨਾ, ਦੈਵੀ ਜੀਵਨ ਦੇ ਗੁੰਝਲਦਾਰ ਭੇਦਾਂ ਤੋਂ ਪਰਦਾ ਉਠਾ 'ਜਗ ਰਚਨਾ ਸਭਿ ਝੂਠ ਹੈ' ਦਾ ਸਹਿਜੇ ਹੀ ਆਭਾਸ ਕਰਵਾਉਂਦੀ ਹੈ। ਗੁਰੂ ਜੀ ਦੀ ਬਾਣੀ ਸੰਬੰਧੀ ਇਹ ਟਿੱਪਣੀ, "ਗੁਰੂਦੇਵ ਦੀ ਮਹਾਨ ਰਚਨਾ ਪਦਾਂ ਅਤੇ ਸਲੋਕਾਂ ਵਿਚ ਹੈ। ਸ਼ਬਦ ਰਾਗਾਂ ਵਿਚ, ਸੰਗੀਤਕ ਲੈਅ ਅਤੇ ਸੁਰ-ਸ਼ਿੰਗਾਰ ਵਿਚ ਹਨ ਜਿਹੜੇ ਸੰਗੀਤ-ਸ਼ਾਸਤ੍ਰੀ, ਸੰਗੀਤ ਸਾਜ਼ਾਂ ਦੁਆਰਾ ਗਾਇਨ ਕਰਦੇ ਹਨ। ਸਲੋਕਾਂ ਦਾ ਆਗਾਧ ਪ੍ਰਭਾਵ ਹੈ, ਜਿਹੜਾ ਚਿਰ-ਸਥਾਈ ਅਤੇ ਦੀਰਘ ਹੈ। ਇਹਨਾਂ ਦਾ ਗਾਇਨ ਅਲਾਪ ਦੁਆਰਾ ਕੀਤਾ ਜਾਂਦਾ ਹੈ। ਪਾਠ ਦੀ ਅਲਾਪਚਾਰੀ ਮਗਰੋਂ ਵੀ ਸਲੋਕਾਂ ਦਾ ਤੱਤ-ਸਾਰ, ਸਲੋਕਾਂ ਦੀ ਗੁੰਜਾਰ ਕੰਨਾਂ ਵਿਚ ਅਨਹਦ ਨਾਦ ਦੀ ਤਰ੍ਹਾਂ ਸੁਣਾਈ ਦੇਂਦੀ ਰਹਿੰਦੀ ਹੈ। ਇਉਂ ਜਾਪਦਾ ਹੈ ਕਿ ਜਿਵੇਂ ਸਲੋਕਾਂ ਦੇ ਆਕਰਸ਼ਣ ਯਾਂ ਮੋਹਨ ਸ਼ਕਤੀ ਨੇ, ਪਾਠਕਾਂ ਤੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਲਿਆ ਹੈ। ਨਿੰਦਰਾ ਵਿਚ ਹੋ ਯਾਂ ਜਾਗਰਨ ਵਿਚ, ਗੁਰਦੇਵ ਦੇ ਅਮਰ ਸਲੋਕ ਸਚ, ਹਾਜ਼ਰ ਹਜ਼ੂਰ ਅਤੇ ਪ੍ਰਤੱਖ ਤੌਰ 'ਤੇ ਉਪਸਥਿਤ ਹੁੰਦੇ ਹਨ, ਆਪ ਅਗਵਾਈ ਕਰਦੇ ਹਨ, ਮਾਰਗ ਪ੍ਰਗਟਾਉਂਦੇ ਹਨ ਤੇ ਹਰ ਸਮੇਂ, ਹਰ ਪਲ ਨਿਰਦੇਸ਼ ਦਿੰਦੇ ਹਨ, ਇਉਂ ਗੁਰੂ ਦਾ ਸ਼ਬਦ ਹੀ ਗੁਰੂ ਹੋ ਨਿਬੜਦਾ ਹੈ। ਗੁਰੂ ਦੀ ਸ਼ਬਦ ਹੈ, ਬਾਣੀ ਹੈ"।[1] ਮੂਲ ਰੂਪ ਵਿਚ ਆਪ ਜੀ ਦੀ ਬਾਣੀ ਦੀ ਅਦਭੁੱਦਤਾ ਤੇ ਇਹਲੌਕਿਕਤਾ ਨੂੰ ਆਪਣੇ ਕਲਾਵੇ ਵਿਚ ਸਮੇਟਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਐਸੇ ਸੂਖ਼ਮ ਗਿਆਨ ਲਿਆਂਦੀ ਹੈ ਜਿਸ ਰਾਹੀਂ ਜੀਵ ਪਰਮਾਤਮਾ ਅਤੇ ਉਸ ਤੱਕ ਜਾਣ ਵਾਲੇ ਮਾਰਗ ਨੂੰ ਆਵਾਗਮਨ ਦੇ ਬੰਧਨਾਂ ਤੋਂ ਮੁਕਤ ਹੋ ਉਸ ਨਾਲ ਇਕਮਿਕਤਾ ਅਨੁਭਵ ਕਰਦਾ ਹੈ। ਇਸ ਬਾਣੀ ਦੇ ਪਾਠ ਦੁਆਰਾ ਪ੍ਰਥਮ ਜੀਵ ਨੂੰ ਉਸ ਪਰਮਾਤਮਾ ਦੀ ਨਦਰਿ ਪ੍ਰਾਪਤੀ ਹੁੰਦੀ ਹੈ ਤੇ ਫੇਰ ਉਸ ਅੰਦਰ ਆਵਾਗਮਨ ਦੇ ਬੰਧਨਾਂ ਨੂੰ ਤੋੜਨ ਦੀ ਇੱਛਾ ਪਨਪਦੀ ਹੈ ਅਤੇ ਉਸਦੀ ਇਹੀ ਇੱਛਾ ਉਸਨੂੰ ਪਰਮਾਤਮਾ ਨਾਲ ਇਕਮਿਕਤਾ ਦਾ ਅਹਿਸਾਸ ਕਰਵਾਉਂਦੀ ਹੈ ਜੋ ਅਸਲ ਮੁਕਤੀ ਹੈ :

ਕਉਨੁ ਕਰਨ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥

ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਭਰਈ ॥

ਗੁਰੂ ਦੀ ਬਾਣੀ 'ਸਤਿ' ਉੱਤੇ ਆਧਾਰਿਤ ਹੈ। ਉਹ 'ਸਤਿ' ਜੋ ਪਰਿਵਰਤਨਸ਼ੀਲ ਨਹੀਂ ਬਲਕਿ ਲੋਕ-ਪ੍ਰਲੋਕ ਵਿਚ ਸਹਾਈ ਹੁੰਦਾ ਹੈ। ਜੀਵ ਵਿਚ ਇਸ ਸਤਿ ਨੂੰ ਮਿਲਣ ਦਾ ਪ੍ਰਯਤਨ ਹੋਣਾ ਚਾਹੀਦਾ ਹੈ, ਜਿਸ ਦੀ ਸੰਪੂਰਨ ਬਾਣੀ ਵਿਆਖਿਆ ਕਰਦੀ ਹੈ :

ਜਉ ਸੁਖੁ ਕਉ ਚਾਹੈ


© Copyright @ Authors

National Research Journal of Social Sciences
Volume-11, Issue-1, January-June 2026
PP: 138-140
ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਦਾ ਸਰਨਿ ਰਾਮ ਕੀ ਲੇਹ

ਕਹੁ ਨਾਨਕ ਸੁਨਿ ਰੇ ਮਨਾ

ਦੁਰਲਭ ਮਾਨੁਖ ਦੇਹ ॥੨੭॥

ਅਸਲ ਵਿਚ ਮੋਹ-ਮਾਇਆ ਤੋਂ ਨਿਰਲੇਪ ਹੋ ਪਰਮਾਤਮਾ ਨੂੰ ਸਤਿ ਸਮਝਣਾ ਹੀ ਉਸਦੇ ਮੋਹ-ਪਿਆਰ ਵਿਚ ਵਿਚਰਨਾ ਹੈ :

ਸਾਧੋ ਇਹੁ ਤਨੁ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮ ਬਸਤੁ ਹੈ

ਸਾਚੋ ਤਾਹਿ ਪਛਾਨੋ ॥੧॥ਰਹਾਉ ॥

ਅਸਲ ਵਿਚ ਮਨੁੱਖੀ ਸਰੀਰ ਜੋ ਨਾਸ਼ਮਾਨ ਹੈ, ਸਦੀਵੀ ਪ੍ਰਤੀਤ ਹੁੰਦਾ ਹੈ, ਪਰੰਤੂ ਅਸਲ ਵਿਚ ਜੋ ਸਦੀਵੀ ਹੈ, ਉਸ ਵਿਚ ਮਨੁੱਖੀ ਸ਼ਰਧਾ ਦਾ ਅਭਾਵ ਹੈ। ਮਨੁੱਖੀ ਸਰੀਰ ਸਿਰਫ਼ ਉਨੀ ਦੇਰ ਹੀ ਹੈ, ਜਿੰਨੀ ਦੇਰ ਇਸ ਵਿਚ ਆਤਮਾ ਦਾ ਵਾਸ ਹੈ ਅਤੇ ਆਤਮਾ ਦੇ ਨਿਕਲਣ ਉਪਰੰਤ ਹੀ ਇਸ ਸਰੀਰ ਨੇ ਮਿੱਟੀ ਸਮਾਨ ਹੋ ਜਾਣਾ ਹੈ। ਪਰੰਤੂ ਇਸ ਸਤਿ ਤੋਂ ਅਨਜਾਣ ਜੀਵ ਕਾਮ, ਕ੍ਰੋਧ, ਮੋਹ, ਲੋਭ ਦੇ ਵਿਸ਼ਿਆਂ ਨੂੰ ਭੋਗਣ ਵਿਚ ਹੀ ਲੱਗਾ ਰਹਿੰਦਾ ਹੈ। ਗੁਰੂ ਜੀ ਦੀ ਬਾਣੀ ਦਾ ਤੱਤ ਸਾਰ ਅਦ੍ਰਿਸ਼ਟਮਾਨ ਪ੍ਰਭੂ-ਸੱਤਾ ਹੈ, ਜੋ ਸਥਿਰ ਰਹਿਣ ਵਾਲੀ ਹੈ, ਅਕਾਲ ਮੂਰਤਿ ਹੈ, ਸਦੀਵੀ ਹੈ ਤੇ ਸਤਿ ਹੈ :

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥

ਜਨੁ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਪ੍ਰਕਾਰ ਦੇ ਵਸਤੂ ਨਿਰਦੇਸ਼ਾਤਮਕ ਮੰਗਲਾਂ ਦੀ ਵਰਤੋਂ ਕੀਤੀ ਗਈ ਹੈ। ਵਸਤੂ ਨਿਰਦੇਸ਼ ਤੋਂ ਭਾਵ ਹੈ, ਬ੍ਰਹਮ ਦਾ ਨਾਮ ਮੰਗਲ ਰੂਪ ਕਰਕੇ ਲਿਖਣਾ ਅਥਵਾ ਗ੍ਰੰਥਕਾਰ ਜਿਸ ਬਾਰੇ ਗ੍ਰੰਥ ਰਚ ਰਿਹਾ ਹੁੰਦਾ ਹੈ, ਗ੍ਰੰਥ ਦੇ ਆਰੰਭ ਵਿਚ ਉਸਦੇ ਗੁਣਾਂ ਦੀ ਮਹਿਮਾ ਕਰਨ ਦੇ ਨਾਲ-ਨਾਲ ਉਸਦੇ ਗੁਣ-ਲੱਛਣ ਦਾ ਬੋਧ ਕਰਵਾਉਂਦਾ ਹੈ। ਗੁਰੂ ਤੇਗ ਬਹਾਦਰ ਬਾਣੀ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਨਿਰਦੇਸ਼ਾਤਮਕ ਮੰਗਲਾਂ ਵਿਚੋਂ ਦੋ ਦਾ ਪ੍ਰਯੋਗ ਕੀਤਾ ਗਿਆ ਹੈ : ਰਾਗ ਗਉੜੀ ਤੇ ਸਲੋਕ ਮਹਲਾ (੧ਓ ਸਤਿਗੁਰ ਪ੍ਰਸਾਦਿ) ਅਤੇ ਰਾਗ ਜੈਜਾਵੰਤੀ (੧ਓ ਸਤਿਨਾਮੁ ਕਰਤਾ ਪੁਰਖੁ ਨਿਰਭਓ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ)[2] ਗੁਰਮਤਿ ਦਰਸ਼ਨ ਦਾ ਮੰਗਲ (੧ਓ) ਬ੍ਰਹਮ ਤੇ ਬ੍ਰਹਿਮੰਡ ਦੋਹਾਂ ਦੀ ਸਮੁੱਚੀ ਅਕਾਰ ਹੋਂਦ ਦਾ ਸੂਚਕ ਹੋਣ ਕਰਕੇ ਸਰਵਸ੍ਰੇਸ਼ਟ ਹੈ। ਇਹ ਨਿਰਗੁਣ/ਸਰਗੁਣ, ਰੂਪ/ਅਰੂਪ, ਦਵੈਤ/ਅਦਵੈਤ ਦਾ ਮਿਸ਼ਰਣ ਹੈ। ਬ੍ਰਹਮ ਸਿਰਜਕ ਵੀ ਹੈ ਤੇ ਰਖਿਅਕ ਵੀ :

ਸੁਖ ਮਹਿ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਇ ਹੋਇ ॥੩੨॥

ਮੰਗਲ '੧ਓ ਸਤਿਗੁਰ ਪ੍ਰਸਾਦਿ' ਬ੍ਰਹਮ ਦੇ ਸਰੂਪ ਸਤਿ-ਚਿਤ-ਅਨੰਦ ਦਾ ਲਖਾਇਕ ਹੋਣ ਦੇ ਨਾਲ-ਨਾਲ ਉਸ ਦੇ ਸਤ ਵਿਸ਼ੇਸ਼ਣਾਂ 'ਕਰਤਾ', 'ਪੁਰਖ', 'ਨਿਰਭਓ', 'ਨਿਰਵੈਰ', 'ਅਕਾਲ ਮੂਰਤਿ', 'ਅਜੂਨੀ' ਅਤੇ 'ਸੈਭੰ' ਦਾ ਗਿਆਨ ਕਰਵਾਉਂਦਾ ਹੋਇਆ ਅੰਤ ਵਿਚ 'ਗੁਰ-ਪ੍ਰਸਾਦਿ' ਬ੍ਰਹਮ ਦੀ ਮਿਹਰ ਦਾ ਸੂਚਕ ਹੋ ਨਿਬੜਦਾ ਹੈ। ਇਸ ਪ੍ਰਕਾਰ ਇਹ ਬਾਣੀ ਬ੍ਰਹਮ ਕੇਂਦਰਿਤ ਹੈ ਜੋ ਇਸ ਤੱਥ ਦੀ ਪੇਸ਼ਕਾਰੀ ਹੈ ਕਿ ਸਾਰਾ ਬ੍ਰਹਿਮੰਡ ਕਿਸੇ ਅਦ੍ਰਿਸ਼ਟ ਹੋਂਦ ਦੇ ਨੇਮ ਅਧੀਨ ਕਾਰਜ ਕਰ ਰਿਹਾ ਹੈ, ਜਿਸ ਨੂੰ ਹਰ ਕੋਈ ਆਪਣੀ ਸੂਝ-ਬੂਝ ਅਨੁਕੂਲ ਗ੍ਰਹਿਣ ਕਰ ਰਿਹਾ ਹੈ :

ਸਮ ਸੁਪਨੈ ਕੈ ਇਹੁ ਜਗੁ ਜਾਨੁ ॥

ਬਿਨਸੈ ਛਿਨ ਮੈ ਸਾਚੀ ਮਾਨੁ ॥੧॥

ਸੰਗਿ ਤੇਰੇ ਹਰਿ ਬਸਤ ਨੀਤ ॥

ਨਿਸ ਬਾਸਰੁ ਭਜੁ ਤਾਹਿ ਮੀਤ ॥੨॥

ਬਾਰ ਅੰਤ ਕੀ ਹੋਇ ਸਹਾਇ ॥

ਕਹੁ ਨਾਨਕ ਗੁਨ ਤਾ ਕੇ ਗਾਇ ॥੩॥

ਸੁਪਨੇ ਦਾ ਸੰਬੰਧ ਜਿਥੇ 'ਜੀਵ' ਨਾਲ ਹੈ, ਰੈਨ ਦਾ ਸੰਬੰਧ ਉਥੇ 'ਬ੍ਰਹਿਮੰਡ' ਦੀ ਗਤੀ ਨਾਲ। ਸੁਪਨਾ ਤੇ ਰੈਨ ਨੇਮ ਅਧੀਨ ਬੀਤ ਰਹੇ ਹਨ। ਠੀਕ ਏਸੇ ਤਰ੍ਹਾਂ ਜਗਤ ਵਿਚ ਜੋ ਵਾਪਰਦਾ ਹੈ, ਉਹ ਵੀ ਬੀਤ ਜਾਂਦਾ ਹੈ। ਸੁਪਨਾ ਰੈਨ ਅਤੇ ਜਗਤ ਦੀ ਗਤੀਸ਼ੀਲਤਾ ਵਿਚ ਆਪਸੀ ਸਾਂਝ ਦੇ


© Copyright @ Authors

ਨਾਲ-ਨਾਲ ਦੁਹਰਾਅ ਵੀ ਹੈ। ਇਹ ਦੁਹਰਾਅ ਨਾ ਤਾਂ ਅਕੇਵਾਂ ਪੈਦਾ ਕਰਦਾ ਹੈ, ਤੇ ਨਾ ਹੀ ਨੀਰਸਤਾ। ਸੁਆਸ ਵੀ ਦੁਹਰਾਅ ਤੇ ਨਿਰੰਤਰਤਾ ਦੇ ਨੇਮ ਨੂੰ ਹੀ ਦ੍ਰਿੜ ਕਰਵਾਉਂਦੇ ਹਨ। ਅਰਥਾਤ ਸੁਆਸ ਕਿਰਿਆ ਦੇ ਦੁਹਰਾਅ ਦੀ ਸਮਾਪਤੀ ਨਾਲ ਜੀਵ ਆਯੂ ਦੀ ਨਿਰੰਤਰਤਾ ਵੀ ਸਮਾਪਤ ਹੋ ਜਾਂਦੀ ਹੈ :

ਝੂਠਾ ਤਨੁ ਸਾਚਾ ਕਰਿ ਮਾਨਿਓ

ਜਿਓ ਸੁਪਨਾ ਰੈਨਾਈ ॥੧॥

ਜੋ ਦਿਸੈ ਸੋ ਸਗਲ ਬਿਨਾਸੈ

ਜਿਉ ਬਾਦਰ ਕੀ ਛਾਈ ॥

ਜਨੁ ਨਾਨਕ ਜਗੁ ਜਾਨਿਓ ਮਿਥਿਆ

ਰਹਿਓ ਰਾਮ ਸਰਨਾਈ ॥੨॥

ਗੁਰਬਾਣੀ ਵਿਚ 'ਜੀਵ' ਨੂੰ ਪਰਮਾਤਮਾ ਦਾ ਅੰਸ਼ ਸਵੀਕਾਰਿਆ ਗਿਆ ਹੈ। ਜਦੋਂ ਨਿਰਗੁਣ ਬ੍ਰਹਮ ਸਰੀਰ ਵਿਚ ਨਿਵਾਸ ਕਰਦਾ ਹੈ ਤਾਂ ਉਸਨੂੰ ਜੀਵਆਤਮਾ ਆਖਿਆ ਜਾਂਦਾ ਹੈ।[3] ਜੀਵ ਦੀ ਬ੍ਰਹਮ ਨਾਲ ਅਭੇਦਤਾ ਹੀ ਮੁਕਤੀ ਦੀ ਅਵਸਥਾ ਹੈ।

ਮੂਲ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਮੂਲ ਸੁਰ ਤਿੰਨ ਬੁਨਿਆਦੀ ਨੁਕਤਿਆਂ 'ਬ੍ਰਹਮ', 'ਬ੍ਰਹਿਮੰਡ' ਤੇ 'ਜੀਵ' ਹੈ। "ਬ੍ਰਹਿਮੰਡ ਇਕ ਅਜਿਹੀ ਕੇਂਦਰੀ ਪ੍ਰਕਿਰਿਆ ਹੈ। ਜਿਸ ਰਾਹੀਂ ਗੁਰੂ ਤੇਗ ਬਹਾਦਰ ਜੀ ਬ੍ਰਹਮ ਨਾਲ ਸੰਬੰਧਿਤ ਰਹੱਸਯਤਮਤਾ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ। ਇਸੇ ਰਹੱਸਯਤਮਤਾ ਦਾ ਅਨੁਭਵ ਅਤੇ ਕਿਰਿਆ-ਸਥਲ ਜਗਤ ਹੀ ਹੈ ਤੇ ਅਨੁਭਵ ਕਰਨਾ ਹੈ ਜੀਵ। ਬ੍ਰਹਮੀ ਰਹੱਸਯਤਮਤਾ ਦਾ ਅਹਿਸਾਸ ਬ੍ਰਹਿਮੰਡੀ ਲੀਲਾ ਵਿਚ ਵਿਚਰਨ ਵਾਲੇ ਜੀਵ ਨੂੰ ਹੀ ਹੋ ਸਕਦਾ ਹੈ। ਬ੍ਰਹਮ ਤੇ ਜੀਵ ਦੇ ਆਪਸੀ ਅਧਿਆਤਮਕ ਸੰਬੰਧਾਂ ਨੂੰ ਪੈਦਾ ਕਰਨ ਵਾਲਾ, ਇਸ ਰਿਸ਼ਤੇ ਨੂੰ ਸਮਝਣ-ਸਮਝਾਉਣ ਵਾਲਾ ਮਾਧਿਅਮ ਕੇਵਲ ਬ੍ਰਹਿਮੰਡ ਹੀ ਹੈ। ਜੀਵ ਬ੍ਰਹਮ ਦੁਆਰਾ ਭੇਜਿਆ ਹੀ ਬ੍ਰਹਿਮੰਡ ਵਿਚ ਆਉਂਦਾ ਹੈ।"[4] ਸਮੁੱਚੇ ਰੂਪ ਵਿਚ ਇਹ ਬਾਣੀ ਜੀਵ ਨੂੰ ਜੀਵਾਤਮਕ ਪਾਸਾਰ ਵਿਚੋਂ ਕੱਢ ਅਰਥਾਂ ਦਾ ਐਸਾ ਮਾਨਵੀ ਧਰਾਤਲ ਉਸਾਰਦੀ ਹੈ ਕਿ ਵਰਤਮਾਨ ਵਿਚ ਇਸ ਬਾਣੀ ਦਾ ਪੁਨਰ ਚਿੰਤਨ ਹੋਰ ਵੀ ਪ੍ਰਾਸੰਗਿਕ ਹੈ।

**ਹਵਾਲੇ ਅਤੇ ਟਿੱਪਣੀਆਂ**

1. ਬਲਜੀਤ ਕੌਰ ਤੁਲਸੀ, "ਪ੍ਰਾਕਥਨ", ਆਸ਼ਾਵਾਦੀ ਆਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਾਵਿਕ ਭਾਸ਼ਯ, ਮਾਡਰਨ ਪਬਲਿਸ਼ਰਜ਼, ਅੰਮ੍ਰਿਤਸਰ, 1978, ਪੰਨਾ 39.
2. ਮਹਿੰਦਰ ਕੌਰ ਗਿੱਲ, ਗੁਰੂ ਤੇਗ ਬਹਾਦਰ ਬਾਣੀ-ਅਧਿਅਨ, ਰੱਬੀ ਪ੍ਰਕਾਸ਼ਨ, ਦਿੱਲੀ, 1976, ਪੰਨੇ 107-108.
3. ਡਾ. ਆਰ.ਡੀ. ਨਿਰਕਾਰੀ, ਭਾਰਤੀ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 258.
4. ਗੁਰੂ ਤੇਗ ਬਹਾਦਰ ਬਾਣੀ-ਅਧਿਅਨ, ਪੰਨਾ 81.


© Copyright @ Authors